# ਪੰਜਾਬੀ ਯੂਨੀਵਰਸਿਟੀ ਪਟਿਆਲਾ

(1961 ਦੇ ਪੰਜਾਬ ਐਕਟ ਨੰ. 35 ਤਹਿਤ ਸਥਾਪਤ)
ਡੀਨ ਕਾਲਜ ਵਿਕਾਸ ਕੌਂਸਲ

ਨੰਬਰ 184/3/ਕਾ
ਮਿਤੀ 11-5-22

ਯੂਨੀਵਰਸਿਟੀ ਨਾਲ ਸੰਬੰਧਤ ਸਮੂਹ
ਕਾਲਜਾਂ ਦੇ ਚੈਅਰਮੈਨ/ਡਾਇਰੈਕਟਰ/ਪ੍ਰਿੰਸੀਪਲ
ਸਾਹਿਬਾਨਾਂ ਨੂੰ।

**ਵਿਸ਼ਾ:- ਪੋਰਟਲ (collegejobs.punjabiuniversity.ac.in) ਰਾਹੀਂ ਪੰਜਾਬੀ ਯੂਨੀਵਰਸਿਟੀ ਦੇ ਮਾਨਤਾ ਪ੍ਰਾਪਤ ਕਾਲਜਾਂ ਵਿੱਚ ਫੈਕਲਟੀ ਦੀ ਭਰਤੀ ਸਬੰਧੀ।**

ਤੁਹਾਨੂੰ ਸਾਰਿਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪੰਜਾਬੀ ਯੂਨੀਵਰਸਿਟੀ ਦੇ ਸਾਰੇ ਮਾਨਤਾ ਪ੍ਰਾਪਤ ਕਾਲਜਾਂ ਦੀ ਫੈਕਲਟੀ ਭਰਤੀ ਪ੍ਰਕਿਰਿਆ ਹੁਣ ਯੂਨੀਵਰਸਿਟੀ ਦੇ ਪੋਰਟਲ (collegejobs.punjabiuniversity.ac.in) ਰਾਹੀਂ ਕੀਤੀ ਜਾਵੇਗੀ। ਇਹ ਪੋਰਟਲ ਪੰਜਾਬੀ ਯੂਨੀਵਰਸਿਟੀ ਨਾਲ ਸਬੰਧਤ ਕਾਲਜਾਂ ਵਿੱਚ ਅਧਿਆਪਨ ਅਸਾਮੀਆਂ ਭਰਨ ਲਈ ਜਾਣਕਾਰੀ ਦੇ ਇੱਕ ਸਰੋਤ ਵਜੋਂ ਕੰਮ ਕਰੇਗਾ ਅਤੇ ਸਾਰੀਆਂ ਸੂਚਨਾਵਾਂ ਜਿਵੇਂ ਕਿ ਨਵੀਂ ਅਸਾਮੀਆਂ, ਇੰਟਰਵਿਊ ਪ੍ਰੀਕਿਰਿਆ, ਇੰਟਰਵਿਊ ਦੇ ਨਤੀਜੇ ਆਦਿ ਇਸ ਪੋਰਟਲ 'ਤੇ ਉਪਲਬਧ ਹੋਣਗੇ। ਸਾਰੇ ਕਾਲਜਾਂ ਨੂੰ ਭਵਿੱਖ ਵਿੱਚ ਅਧਿਆਪਨ ਅਮਲਾ ਦੀਆਂ ਨਵੀਆਂ ਅਸਾਮੀਆਂ ਭਰਨ ਲਈ 2 ਪ੍ਰਮੁੱਖ ਰਾਸ਼ਟਰੀ ਅਖਬਾਰਾਂ ਵਿੱਚ ਸੰਖੇਪ ਇਸ਼ਤਿਹਾਰ ਦੇ ਨਾਲ ਇਸ਼ਤਿਹਾਰ ਵਿੱਚ ਜ਼ਿਕਰ ਕਰਨਾ ਜ਼ਰੂਰੀ ਹੋਵੇਗਾ ਕਿ ਭਰਨ ਵਾਲੀਆਂ ਅਸਾਮੀਆਂ ਦੇ ਵੇਰਵੇ ਪੋਰਟਲ (collegejobs.punjabiuniversity.ac.in) 'ਤੇ ਉਪਲਬਧ ਹਨ ਅਤੇ ਉਮੀਦਵਾਰ ਅਸਾਮੀ ਲਈ ਆਨਲਾਈਨ ਅਪਲਾਈ ਕਰਨ। ਉਮੀਦਵਾਰਾਂ ਨੂੰ ਨੌਕਰੀ ਲਈ ਅਪਲਾਈ ਕਰਨ ਲਈ ਘੱਟੋ-ਘੱਟ 10 ਦਿਨ ਦਾ ਸਮਾਂ ਦਿੱਤਾ ਜਾਣਾ ਚਾਹੀਦਾ ਹੈ। ਸਾਰੇ ਕਾਲਜਾਂ ਨੂੰ ਅਖਬਾਰ ਵਿਚ ਇਸ਼ਤਿਹਾਰ ਦੇਣ ਤੋਂ ਪਹਿਲਾਂ ਪੋਰਟਲ 'ਤੇ ਕਾਲਜ ਨੂੰ ਰਜਿਸਟਰ ਕਰਨਾ ਜ਼ਰੂਰੀ ਹੋਵੇਗਾ ਅਤੇ ਅਖਬਾਰਾਂ ਵਿਚ ਇਸ਼ਤਿਹਾਰ ਪ੍ਰਕਾਸ਼ਤ ਹੋਣ ਤੋਂ ਬਾਅਦ ਕਾਲਜ ਦੁਆਰਾ ਯੂਨੀਵਰਸਿਟੀ ਦੇ ਪੋਰਟਲ 'ਤੇ ਇਸ਼ਤਿਹਾਰ ਦਾ ਵੇਰਵਾ ਭਰਿਆ ਜਾਵੇਗਾ। ਸਿਰਫ਼ ਉਨ੍ਹਾਂ ਉਮੀਦਵਾਰਾਂ ਨੂੰ ਹੀ ਇੰਟਰਵਿਊ ਲਈ ਬੁਲਾਇਆ ਜਾਵੇਗਾ ਜਿਨ੍ਹਾਂ ਨੇ ਆਨਲਾਈਨ ਭਰਤੀ ਪੋਰਟਲ 'ਤੇ ਸਮੇਂ ਸਿਰ ਅਪਲਾਈ ਕੀਤਾ ਹੋਵੇਗਾ।

ਗੁਰਪ੍ਰੀਤ ਸਿੰਘ
11/5/22
ਡੀਨ ਕਾਲਜ ਵਿਕਾਸ ਕੌਂਸਲ